ਵਿਸ਼ਾ:- <u>ਮਿਲਕਿੰਗ ਤੇ ਦੁੱਧ ਉਤਪਾਦਕਾਂ ਨੂੰ ਵਿੱਤੀ ਸਹਾਇਤਾ ਦੇਣ ਸਬੰਧੀ।</u>

ਡੇਅਰੀ ਵਿਕਾਸ ਵਿਭਾਗ ਵੱਲੋਂ ਸਾਫ ਦੁੱਧ ਦੀ ਮਹੱਤਤਾ ਅਤੇ ਡੇਅਰੀ ਫਾਰਮਾਂ ਉੱਤੇ ਦੁੱਧ ਚੁਆਈ ਦੇ ਖਰਚੇ ਨੂੰ ਘਟਾਉਣ ਅਤੇ ਮਿਆਰ ਨੂੰ ਸੁਧਾਰਨ ਅਤੇ ਪਸ਼ੂਆਂ ਦੇ ਚੁਆਈ ਤੋ ਹੋਣ ਵਾਲੀ ਬਿਮਾਰੀਆਂ ਤੋਂ ਬਚਾਉਣ ਲਈ ਮਿਲਕਿੰਗ ਮਸ਼ੀਨ ਤੇ ਵਿੱਤੀ ਸਹਾਇਤਾ ਦੇਣ ਦੀ ਸਕੀਮ ਉਲੀਕੀ ਗਈ ਸੀ। ਜਿਸ ਨੂੰ ਮੁੱਖ ਰੱਖਦੇ ਹੋਏ ਵਿੱਤੀ ਸਾਲ 2021-22 ਵਿੱਚ ਇਹ ਸਕੀਮ ਰਾਸ਼ਟ੍ਰੀ ਕ੍ਰਿਸ਼ੀ ਵਿਕਾਸ ਯੋਜਨਾ ਤਹਿਤ ਸਰਕਾਰ ਦੀ ਪ੍ਰਵਾਨਗੀ ਉਪਰੰਤ ਆਰ.ਕੇ.ਵੀ.ਵਾਈ ਦੀ ਸਟੇਟ ਲੈਵਲ ਸੈਕਸ਼ਨਿੰਗ ਕਮੇਟੀ ਨੂੰ ਭੇਜੀ ਗਈ ਸੀ। ਜਿਸ ਨੂੰ ਸਟੇਟ ਲੈਵਲ ਸੈਕਸ਼ਨਿੰਗ ਕਮੇਟੀ ਦੀ 20ਵੀਂ ਮੀਟਿੰਗ ਵਿੱਚ ਵਿਚਾਰਿਆ ਗਿਆ ਸੀ ਅਤੇ ਆਈਟਮ ਨੰਬਰ 4.23 ਅਨੁਸਾਰ ਇਸ ਸਕੀਮ ਅਧੀਨ 120 ਲੱਖ ਰੁਪਏ ਦੀ ਰਾਸ਼ੀ ਨਾਲ 300 ਮਿਲਕਿੰਗ ਮਸ਼ੀਨਾ ਤੇ ਵਿੱਤੀ ਸਹਾਇਤਾ ਦੇਣ ਲਈ ਪ੍ਰਵਾਨ ਕੀਤੀ ਗਈ ਸੀ। ਜਿਸ ਦੀ ਕਾਪੀ (ਝੰਡੀ ੳ) ਤੇ ਨੱਥੀ ਹੈ ਜੀ।

ਇਸ ਸਕੀਮ ਨੂੰ ਲਾਗੂ ਕਰਨ ਲਈ ਮੁੱਖ ਤੋਰ ਤੇ ਦੋ ਪਹਿਲੂ ਹਨ ਇੱਕ ਇਹ ਕਿ ਇਸ ਸਕੀਮ ਅਧੀਨ ਮਿਲਕਿੰਗ ਮਸ਼ੀਨਾਂ ਤੇ ਦੁੱਧ ਉਤਪਾਦਕਾ ਨੂੰ ਵਿੱਤੀ ਸਹਾਇਤਾ ਦਿੱਤੀ ਜਾਣੀ ਹੈ ਇਸ ਮੰਤਵ ਲਈ ਲਾਭਪਾਤਰੀਆਂ ਵੱਲੋਂ ਜੋ ਮਿਲਕਿੰਗ ਮਸ਼ੀਨਾ ਖਰੀਦੀਆਂ ਜਾਣੀਆਂ ਹਨ ਉਨ੍ਹਾਂ ਲਈ ਵੇਚਣ ਵਾਲੀ ਕੰਪਨੀਆਂ ਦਾ ਇੱਕ ਪੈਨਲ ਤਿਆਰ ਕਰਨਾ ਹੈ ਤਾਂ ਜੋ ਲਾਭਪਾਤਰੀਆਂ ਨੂੰ ਮਿਲਕਿੰਗ ਮਸ਼ੀਨ ਵੇਚਣ ਵਾਲੀਆਂ ਕੰਪਨੀਆਂ ਦੀ ਸੂਚੀ ਅਤੇ ਹੋਰ ਲੋੜੀਂਦੇ ਵੇਰਵੇ ਉਪਲੱਬਧ ਕਰਵਾਏ ਜਾ ਸਕਣ। ਇਸ ਸਕੀਮ ਦਾ ਦੂਜਾ ਪਹਿਲੂ ਇਸ ਨੂੰ ਲਾਗੂ ਕਰਨ ਲਈ ਇੱਕ ਪਾਰਦਰਸ਼ੀ ਰੂਪ ਰੇਖਾ ਤਿਆਰ ਕਰਨਾ ਹੈ ਇਨ੍ਹਾਂ ਦੋਨਾ ਪਹਿਲੂਆਂ ਬਾਰੇ ਤਜਵੀਜ ਹੇਠ ਲਿਖੇ ਅਨੁਸਾਰ ਹੈ।:-

1. **<u>ਮਿਲਕਿੰਗ ਮਸ਼ੀਨ ਵੇਚਣ ਵਾਲੀਆਂ ਕੰਪਨੀਆਂ ਦਾ ਪੈਨਲ ਤਿਆਰ ਕਰਨਾ।</u>** :- ਇਸ ਸਕੀਮ ਅਧੀਨ ਮਿਲਕਿੰਗ ਮਸ਼ੀਨ ਦੀ ਮੇਚ/ ਨਿਰਮਾਣ ਕਰ ਰਹੀਆ ਕੰਪਨੀਆਂ ਦਾ ਪੈਨਲ ਤਿਆਰ ਕਰਨ ਲਈ ਅਖਬਾਰਾ ਵਿੱਚ "Expression of Interest" ਰਾਹੀ ਮਿਤੀ 20.12.2021 ਨੂੰ ਕੁਟੇਸ਼ਨਾ ਮੰਗੀਆਂ ਗਈਆ ਸਨ। ਵਿਗਿਆਪਨ ਦੀ ਕਾਪੀ (ਝੰਡੀ ਅ) ਤੇ ਨੱਥੀ ਹੈ ਜੀ। ਇਸ ਵਿਗਿਆਪਨ ਰਾਹੀ ਪ੍ਰਾਪਤ ਹੋਇਆ ਕੁਟੇਸ਼ਨਾ ਨੂੰ ਕੰਪਨੀਆਂ ਦੇ ਨੁਮਾਇੰਦਿਆਂ ਦੀ ਹਾਜਰੀ ਵਿੱਚ ਮਿਤੀ 13.01.2022 ਨੂੰ 3.00 ਵਜੇ ਖੋਲੀਆਂ ਗਈਆਂ ਸਨ। ਇਸ ਪਰਕਿਰੀਆਂ ਵਿੱਚ ਹੇਠ ਲਿਖੀ ਅੱਠ ਕੰਪਨੀਆਂ ਵੱਲੋਂ ਆਪਣੀ ਸਪੈਸੀਫਿਕੇਸ਼ਨਾਂ ਅਤੇ ਕੀਮਤਾ ਭੇਜੀਆਂ ਗਈ ਸਨ।

1. Milkwell Milking System, Karnal.
2. Bakshish Industries, Fatehgarh Sahib.
3. Janvi Enterprises, Zirakpur.
4. Dlevel, Pune.
5. Sefa, New Delhi.
6. Vansun Delhi.
7. Jagmohan Industries
8. IDMC Gujrat.

ਉਕਤ ਅਨੁਸਾਰ ਪ੍ਰਾਪਤ ਹੋਇਆ ਕੰਪਨੀਆਂ ਵੱਲੋਂ ਜੋ ਸਪੈਸੀਫਿਕੇਸ਼ਨਾਂ ਕੀਮਤਾ ਅਤੇ ਹੋਰ ਸ਼ਰਤਾ ਆਪਣੀ ਕੁਟੇਸ਼ਨਾ ਵਿੱਚ ਦਰਜ ਕਰਕੇ ਭੇਜੀਆਂ ਸਨ ਉਸਦੀ ਤੁਲਨਾਤਮਕ ਸੂਚੀ ਹੇਠ ਲਿਖੇ ਅਨੁਸਾਰ ਹਨ।

| ਲੜੀ ਨੰ. | ਕੰਪਨੀ ਦਾ ਨਾਮ | ਸਪੈਸੀਫਿਕੇਸ਼ਨ | ਕੀਮਤ/ ਰੁਪਏ | ਹੋਰ ਸ਼ਰਤਾ |
|---|---|---|---|---|
| 1 | Milkwell Milking System, Karnal. | • ਮਾਡਲ ਐਮ.ਵਬਲੂ/ਐਸ.ਐਸ.<br>• ਵੈੱਕਯੂਮ ਪੰਪ – 250 LPM<br>• ਇਲੈਕਟ੍ਰੀਕਲ ਮੋਟਰ – 1 HP<br>• ਪਲਸੇਟਰ – 60:40<br>• ਕਲਾਅ – 250 CC | 68000/- ਰੁਪਏ (ਸਮੇਟ ਸਾਰੇ ਟੈਕਸ) | ਵਰੰਟੀ ਇੱਕ ਸਾਲ, ਟਰਾਸਪੋਰਟ ਚਾਰਜਿਜ ਐਕਸਟਰਾਂ |

| | | | | |
|---|---|---|---|---|
| | | • ਬਕੇਟ 25 ਲੀਟਰ -2<br>• ਅਸੈਸਰੀਅਜ਼ – ਬਰੱਸ਼ ਅਤੇ ਡੀਟਰਜੰਟ | | |
| 2 | Bakshish Industries, Fatehgarh Sahib. | • ਮਾਡਲ ਐਮ.ਵਬਲੂ/ਐਸ.ਐਸ.<br>• ਵੈਂਕਯੂਮ ਪੰਪ – 250 LPM<br>• ਇਲੈਕਟ੍ਰੀਕਲ ਮੋਟਰ – 1 HP<br>• ਪਲਸੇਟਰ – 60:40<br>• ਕਲਾਅ – 250 CC<br>• ਬਕੇਟ 25 ਲੀਟਰ -2<br>• ਅਸੈਸਰੀਅਜ਼ – ਬਰੱਸ਼ ਅਤੇ ਡੀਟਰਜੰਟ | 78960/- ਰੁਪਏ (ਸਮੇਟ ਸਾਰੇ ਟੈਕਸ) | ਵਰੰਟੀ ਇੱਕ ਸਾਲ |
| 3 | Janvi Enterprises, Zirakpur. | • ਮਾਡਲ ਐਮ.ਵਬਲੂ/ਐਸ.ਐਸ.<br>• ਵੈਂਕਯੂਮ ਪੰਪ – 250 LPM<br>• ਇਲੈਕਟ੍ਰੀਕਲ ਮੋਟਰ – 1 HP<br>• ਕਲਾਅ – 250 CC<br>• ਬਕੇਟ 25 ਲੀਟਰ -2 | 76000/- ਰੁਪਏ (ਸਮੇਟ ਸਾਰੇ ਟੈਕਸ) | ਵਰੰਟੀ ਇੱਕ ਸਾਲ, ਟਰਾਸਪੋਰਟ ਚਾਰਜਿਜ ਐਕਸਟਰਾਂ |
| 4 | Dlevel, Pune. | • ਮਾਡਲ ਐਮ.ਵਬਲੂ/ਐਸ.ਐਸ.<br>• ਵੈਂਕਯੂਮ ਪੰਪ – 250 LPM<br>• ਇਲੈਕਟ੍ਰੀਕਲ ਮੋਟਰ – 1 HP<br>• ਪਲਸੇਟਰ – 60:40<br>• ਕਲਾਅ – 250 CC<br>• ਬਕੇਟ 25 ਲੀਟਰ -2<br>• ਅਸੈਸਰੀਅਜ਼ – ਬਰੱਸ਼ ਅਤੇ ਡੀਟਰਜੰਟ | 115000/- ਰੁਪਏ (ਸਮੇਟ ਸਾਰੇ ਟੈਕਸ) | ਵਰੰਟੀ ਇੱਕ ਸਾਲ, ਟਰਾਸਪੋਰਟ ਚਾਰਜਿਜ ਐਕਸਟਰਾਂ |
| 5 | Sefa, New Delhi. | • ਮਾਡਲ ਐਮ.ਵਬਲੂ/ਐਸ.ਐਸ.<br>• ਵੈਂਕਯੂਮ ਪੰਪ – 350 LPM<br>• ਇਲੈਕਟ੍ਰੀਕਲ ਮੋਟਰ – 1 HP<br>• ਪਲਸੇਟਰ – 60:40<br>• ਕਲਾਅ – 240 CC<br>• ਬਕੇਟ 25 ਲੀਟਰ -2<br>• ਅਸੈਸਰੀਅਜ਼ – ਬਰੱਸ਼ ਅਤੇ ਡੀਟਰਜੰਟ | 76720/- ਰੁਪਏ (ਸਮੇਟ ਸਾਰੇ ਟੈਕਸ) | ਵਰੰਟੀ ਇੱਕ ਸਾਲ, ਟਰਾਸਪੋਰਟ ਚਾਰਜਿਜ ਐਕਸਟਰਾਂ |
| 6 | Vansun. | • ਮਾਡਲ ਐਮ.ਵਬਲੂ/ਐਸ.ਐਸ. | 76500/- ਰੁਪਏ | ਫਰੇਟ ਚਾਰਜਿਜ |

| | | | | |
|---|---|---|---|---|
| | | • ਵੈਂਕਯੂਮ ਪੰਪ – 240 LPM<br>• ਇਲੈਕਟ੍ਰੀਕਲ ਮੋਟਰ – 1 HP<br>• ਪਲਸੇਟਰ – 60:40<br>• ਕਲਾਅ – 320 CC<br>• ਬਕੇਟ 28 ਲੀਟਰ -2<br>• ਅਸੈਸਰੀਅਜ਼ – ਬਰੱਸ਼ ਅਤੇ ਡੀਟਰਜੰਟ | (ਸਮੇਟ ਸਾਰੇ ਟੈਕਸ) | ਲੁਧਿਆਣਾ ਤੱਕ, ਏ.ਐਮ.ਸੀ. ਦੋ ਸਾਲ |
| 7 | Jagmohan Industries | • ਮਾਡਲ ਐਮ.ਵਬਲੂ/ਐਸ.ਐਸ.<br>• ਵੈਂਕਯੂਮ ਪੰਪ – 200 LPM<br>• ਇਲੈਕਟ੍ਰੀਕਲ ਮੋਟਰ – 1/0.75 HP<br>• ਪਲਸੇਟਰ – 60:40<br>• ਕਲਾਅ – 250 CC<br>• ਬਕੇਟ 25 ਲੀਟਰ -2<br>• ਅਸੈਸਰੀਅਜ਼ – ਬਰੱਸ਼ ਅਤੇ ਡੀਟਰਜੰਟ | 82000/- ਰੁਪਏ (ਸਮੇਟ ਸਾਰੇ ਟੈਕਸ) | ਵਰੰਟੀ ਇੱਕ ਸਾਲ, |
| 8 | IDMC | • ਮਾਡਲ ਐਮ.ਵਬਲੂ/ਐਸ.ਐਸ.<br>• ਵੈਂਕਯੂਮ ਪੰਪ – ਸੂਟੇਬਲ ਕਪੈਸਟੀ ਐਂਡ ਸਟੈਡੰਰਡ ਮੇਕ<br>• ਇਲੈਕਟ੍ਰੀਕਲ ਮੋਟਰ – 1 HP<br>• ਪਲਸੇਟਰ – 60:40<br>• ਕਲਾਅ – 240-320 CC<br>• ਬਕੇਟ 25 ਲੀਟਰ -2<br>• ਅਸੈਸਰੀਅਜ਼ – ਬਰੱਸ਼ ਅਤੇ ਡੀਟਰਜੰਟ | 48732/- ਰੁਪਏ (ਸਮੇਟ ਸਾਰੇ ਟੈਕਸ) | ਵਰੰਟੀ ਇੱਕ ਸਾਲ, ਟੀ. ਸੀ.ਐਸ. 0.1 ਪ੍ਰਤੀਸ਼ਤ ਐਕਸਟਰਾਂ |

ਉਕਤ ਅਨੁਸਾਰ ਦਰਸਾਇਆ ਲੜੀ ਨੰ. 1 ਤੇ 8 ਵਿੱਚ ਦਰਜ ਮਿਲਕਿੰਗ ਮਸ਼ੀਨਾਂ ਬਣਾਉਣ/ ਸਪਲਾਈ ਕਰਨ ਵਾਲੀਆਂ ਕੰਪਨੀਆਂ ਦੀਆਂ ਕੁਟੇਸ਼ਨਾਂ/ ਸਪੈਸੀਫਿਕੇਸ਼ਨ ਦੀ ਘੋਖ ਕਰਨ ਲਈ ਹੇਠ ਲਿਖੇ ਕਮੇਟੀ ਗਠਿਤ ਕੀਤੀ ਗਈ ਸੀ।

I. ਸੰਯੁਕਤ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ ਮੋਹਾਲੀ
II. ਸ੍ਰੀ ਬਲਦੀਪ ਕੁਮਾਰ, ਸੁਪਰਡੰਟ ਗ੍ਰੇਡ-2, ਪਲਾਨਿੰਗ ਸ਼ਾਖਾ
III. ਸ੍ਰੀ ਵਿਨੀਤ ਕੋੜਾ, ਡੀ.ਡੀ.ਆਈ-1

ਉਕਤ ਤਕਨੀਕੀ ਕਮੇਟੀ ਵੱਲੋਂ ਇਨ੍ਹਾਂ ਕੁਟੇਸ਼ਨਾ ਸਬੰਧੀ ਮਿਤੀ 27.01.2022 ਨੂੰ ਅਤੇ ਮਿਤੀ 24.02.2022 ਨੂੰ ਮੀਟਿੰਗਾਂ ਕੀਤੀਆਂ ਗਈਆਂ।

ਤਕਨੀਕੀ ਕਮੇਟੀ ਵੱਲੋਂ 8 ਕੰਪਨੀਆਂ ਵਿੱਚੋਂ 7 ਕੰਪਨੀਆਂ ਨੂੰ ਤਕਨੀਕੀ ਤੋਰ ਤੇ ਦਰੁਸਤ ਪਾਇਆ ਗਿਆ ਹੈ। ਜੋ ਕਿ ਹੇਠ ਲਿਖੇ ਅਨੁਸਾਰ ਹੈ।

1. Milkwell Milking System, Karnal.
2. Bakshish Industries, Fatehgarh Sahib.
3. Dlevel, Pune.
4. Sefa, New Delhi.
5. Vansun New Delhi.
6. Jagmohan Industries Ludhiana.
7. IDMC Gujrat.

ਇਨ੍ਹਾਂ ਕੰਪਨੀਆਂ ਵੱਲੋਂ ਪ੍ਰਾਪਤ ਸਭ ਤੋ ਘੱਟ ਕੀਮਤ ਨੂੰ ਅਧਾਰ ਮੰਨਦੇ ਹੋਏ ਦੁੱਧ ਉਤਪਾਦਕਾਂ ਨੂੰ ਉਸ ਤੇ 50% ਵਿੱਤੀ ਸਹਾਇਤਾ ਵੱਧ ਤੋ ਵੱਧ 24366/- ਦਿੱਤੀ ਜਾਵੇਗੀ।

2. **<u>ਆਰ.ਕੇ.ਵੀ.ਵਾਈ ਅਧੀਨ ਮਿਲਕਿੰਗ ਮਸ਼ੀਨ ਤੇ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੇਣ ਲਈ ਦਿਸ਼ਾ ਨਿਰਦੇਸ਼ ਹੇਠ ਲਿਖੇ ਅਨੁਸਾਰ ਹਨ। :-</u>**
    1. ਸਬਸਿਡੀ ਦੀ ਦਰ 50 ਪ੍ਰਤੀਸ਼ਤ
    2. ਸਬਸਡੀ ਦੀ ਵੱਧ ਤੋ ਵੱਧ ਰਾਸ਼ੀ 24366/- ਰੁਪਏ ਪ੍ਰਤੀ ਮਸ਼ੀਨ

**<u>ਮਿਲਕਿੰਗ ਮਸ਼ੀਨ ਦੀਆਂ ਸਪੈਸੀਫਿਕੇਸ਼ਨਾਂ :-</u>** ਮਿਲਕਿੰਗ ਮਸ਼ੀਨ ਦੀ ਸਮਰਥਾ ਘੱਟੋਂ ਘੱਟ ਡਬਲ ਟੀਟ ਕੱਪ ਹੋਵੇਗੀ।

1. ਮੋਟਰ:- ਸਿੰਗਲ ਫੇਸ/ 50ਐਚ.ਜੈਡ.,
2. ਇਲੈਕਟ੍ਰਿਕਲ ਮੋਟਰ 1 ਐਚ.ਪੀ.
3. ਮਿਲਕ ਕਲਸਟਰ:- 2 ਸੈਟ (2 ਕਲਸਟਰ/2 ਬਕੈਟ ਮਿਲਕਿੰਗ ਮਸ਼ੀਨ ਨਾਲ)
4. ਮਿਲਕ ਕੈਨ:- ਐਸ.ਐਸ.-304 ਕੁਆਲਟੀ ਨਾਲ ਨਿਰਮਿਤ
5. ਮਿਲਕ ਕੈਨ ਕਪੈਸਟੀ:- ਘੱਟੋ ਘੱਟ 25 ਲੀਟਰ

ਜਰੂਰੀ ਅਸੈਸਰੀਜ:-

1. ਮਸ਼ੀਨ ਸਾਫ ਕਰਨ ਵਾਲਾ ਬਰੱਸ਼
2. ਡਿਟਰਜੈਂਟ

**<u>ਲਾਭਪਾਤਰੀ ਦੀ ਯੋਗਤਾ:-</u>**

- ਲਾਭਪਾਤਰੀ ਵੱਲੋਂ ਆਪਣਾ ਡੇਅਰੀ ਯੂਨਿਟ 01.04.2021 ਤੇ ਬਾਅਦ ਸਥਾਪਿਤ ਕੀਤਾ ਹੋਵੇ।
- ਉਸ ਪਾਸ ਘੱਟੋਂ ਘੱਟ 20 ਦੁਧਾਰੂ ਪਸ਼ੂ ਹੋਣ ਅਤੇ ਪ੍ਰਤੀ ਦਿਨ ਦੁੱਧ ਦੀ ਪੈਦਾਵਾਰ 150 ਲੀਟਰ ਹੋਵੇ
- ਡੇਅਰੀ ਵਿਕਾਸ ਵਿਭਾਗ/ ਪੰਜਾਬ ਡੇਅਰੀ ਵਿਕਾਸ ਬੋਰਡ/ ਗਡਵਾਸੂ ਤੋ ਘੱਟੋਂ ਘੱਟ 2 ਹਫਤੇ ਦੀ ਡੇਅਰੀ ਸਿਖਲਾਈ ਪ੍ਰਾਪਤ ਕੀਤੀ ਹੋਵੇ।

- ਲਾਭਪਾਤਰੀ ਵੱਲੋਂ ਮਿਲਕਿੰਗ ਮਸ਼ੀਨ ਦੀ ਖਰੀਦ ਬੈਂਕ ਤੋਂ ਕਰਜਾ ਪ੍ਰਾਪਤ ਕਰਕੇ ਜਾਂ ਆਪਣੇ ਸੋਮੀਆ ਤੋਂ ਖਰੀਦੀ ਹੋਵੇ। ਇਸ ਸਬੰਧੀ ਉਹ ਵਿਭਾਗ ਨੂੰ ਮਿਲਕਿੰਗ ਮਸ਼ੀਨ ਦੀ ਖਰੀਦ ਦੀ ਪੁਸ਼ਟੀ ਵੱਜੋਂ ਦਸਤਾਵੇਜ ਪੇਸ਼ ਕਰੇਗਾ।
- ਲਾਭਪਾਤਰੀ ਵਿਭਾਗ ਵੱਲੋਂ ਨਿਰਧਾਰਿਤ ਮਾਪਦੰਡਾ ਅਨੁਸਾਰ ਮਿਲਕਿੰਗ ਮਸ਼ੀਨ ਦੀ ਖਰੀਦ ਨਿਰਧਾਰਿਤ ਕੰਪਨੀਆਂ ਤੋਂ ਹੀ ਕੀਤੀ ਹੋਵੇ।
- ਲਾਭਪਾਤਰੀ ਆਪਣੇ ਮਿਲਕਿੰਗ ਮਸ਼ੀਨ ਦੇ ਯੂਨਿਟ ਨੂੰ ਡੇਅਰੀ ਵਿਕਾਸ ਵਿਭਾਗ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਨਾ ਤਾ ਵੇਚੇਗਾ ਅਤੇ ਨਾ ਹੀ ਕਿਸੇ ਹੋਰ ਨੂੰ ਦੇਵੇਗਾ।
- ਲਾਭਪਾਤਰੀ ਮਿਲਕਿੰਗ ਮਸ਼ੀਨ ਦਾ ਰੱਖ ਰਖਾਵ ਯਕੀਨੀ ਬਣਾਵੇਗਾ।

**<u>ਕਾਰਜ ਵਿੱਧੀ:-</u>** ਲਾਭਪਾਤਰੀ ਨਿਰਧਾਰਿਤ ਪ੍ਰਫਾਰਮੇ ਵਿੱਚ ਆਪਣਾ ਬੇਨਤੀ ਪੱਤਰ ਸਬੰਧਤ ਜਿਲ੍ਹੇ ਦੇ ਡੇਅਰੀ ਵਿਭਾਗ ਦੇ ਅਧਿਕਾਰੀ ਨੂੰ ਸੌਂਪੇਗਾ ਮਿਲਕਿੰਗ ਮਸ਼ੀਨ ਦੀ ਖਰੀਦ ਦੀ ਵੈਰੀਫਿਕੇਸ਼ਨ ਹੇਠ ਲਿਖੇ ਅਨੁਸਾਰ ਗਠਿਤ ਕਮੇਟੀ ਵੱਲੋਂ ਕੀਤੀ ਜਾਵੇਗੀ

| | | |
|---|---|---|
| 1. | ਡੇਅਰੀ ਵਿਕਾਸ ਵਿਭਾਗ ਦਾ ਜਿਲ੍ਹਾ ਅਧਿਕਾਰੀ | ਪ੍ਰਧਾਨ |
| 2. | ਸਬੰਧਤ ਬੈਕ ਮੈਨੇਜਰ ਜਾਂ ਉਸ ਦਾ ਨੁਮਾਇੰਦਾ (ਕਰਜਾ ਲੈਣ ਦੀ ਸੂਰਤ ਵਿੱਚ) | ਮੈਂਬਰ |
| 3. | ਸਬੰਧਤ ਏਰੀਆ ਦਾ ਡੇਅਰੀ ਵਿਕਾਸ ਇੰਸਪੈਕਟਰ/ ਡੇਅਰੀ ਫੀਲਡ ਸਹਾਇਕ | ਮੈਂਬਰ |

ਡੇਅਰੀ ਵਿਕਾਸ ਵਿਭਾਗ ਦਾ ਜਿਲ੍ਹਾ ਅਧਿਕਾਰੀ ਵੈਰੀਫਿਕੇਸ਼ਨ ਉਪਰੰਤ ਯੋਗ ਲਾਭਪਾਤਰੀਆਂ ਦੇ ਬਿਨ੍ਹੇ ਪੱਤਰ ਡਾਇਰੈਕਟਰ, ਡੇਅਰੀ ਵਿਕਾਸ ਵਿਭਾਗ ਨੂੰ ਭੇਜੇਗਾ ਪੜਤਾਲ ਉਪਰੰਤ ਯੋਗ ਪਾਏ ਗਏ ਲਾਭਪਾਤਰੀਆਂ ਦੇ ਬੈਂਕ ਖਾਤੇ ਵਿੱਚ ਨਿਰਧਾਰਿਤ ਪੰਜਾਬ ਫਾਈਨੈਂਸ਼ਿਅਲ ਮੈਨੇਜਮੈਂਟ ਸਿਸਟਮ (ਪੀ.ਐਫ.ਐਮ.ਐਸ.) ਦੇ ਪੋਰਟਲ ਰਾਹੀ ਉਨ੍ਹਾਂ ਦੇ ਖਾਤੇ ਵਿੱਚ ਜਮ੍ਹਾਂ ਕਰਵਾ ਦਿੱਤੀ ਜਾਵੇਗੀ।

ਇਸ ਲਈ ਤਜਵੀਜ ਕੀਤਾ ਜਾਦਾ ਹੈ ਕਿ ਆਰ.ਕੇ.ਵੀ.ਵਾਈ ਸਕੀਮ ਅਧੀਨ ਮਿਲਕਿੰਗ ਮਸ਼ੀਨ ਲਈ ਪ੍ਰਵਾਨਤ ਸਕੀਮ ਅਨੁਸਾਰ ਉਕਤ ਕੰਪਨੀਆਂ ਵੱਲੋਂ ਨਿਰਮਾਣ/ ਵੇਚ ਕੀਤੀ ਜਾਂਦੀ ਨਿਰਧਾਰਿਤ ਮਾਪਦੰਡਾ ਦੀ ਮਿਲਕਿੰਗ ਮਸ਼ੀਨ ਦੀ ਖਰੀਦ ਤੇ ਦੁੱਧ ਉਤਪਾਦਕਾ ਨੂੰ ਵਿੱਤੀ ਸਹਾਇਤਾ ਦੇਣ ਦੀ ਰੂਪ ਰੇਖਾ ਪ੍ਰਵਾਨ ਕਰ ਦਿੱਤੀ ਜਾਵੇ ਜੀ।

ਤਜਵੀਜ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਡਾਇਰੈਕਟਰ, ਡੇਅਰੀ
17/3/22

ਡਾਇਰੀ ਨੰ. 28280
ਮਿਤੀ 17/3/2022

ਵਿਸ਼ੇਸ਼ ਮੁੱਖ ਸਕੱਤਰ,
ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ,
ਪੰਜਾਬ।